# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **22.6.2020**

# ਦੀ ਕਾਰਵਾਈ

(ਮਤਾ ਨੰ: **85-93**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 22.6.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਕਰਨੇਸ਼ ਸ਼ਰਮਾ, ਆਈ.ਏ.ਐਸ., ਕਮਿਸ਼ਨਰ, ................ ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ
6. ਸ਼੍ਰੀ ਗਿਆਨ ਚੰਦ, ਕੌਂਸਲਰ ..................................... ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
22.6.2020

ਮਤਾ ਨੰਬਰ:- 85
ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 12.6.2020 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 12.6.2020 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ। ਕਮੇਟੀ ਵਲੋਂ ਹਦਾਇਤ ਕੀਤੀ ਗਈ ਕਿ ਵਿਕਾਸ ਦੇ ਕੰਮਾਂ ਸਬੰਧੀ ਸਬੰਧਤ ਸਾਈਟਾਂ ਤੇ ਉਨਾਂ ਕੰਮਾਂ ਬਾਰੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬੋਰਡ ਲਗਾਉਣੇ ਯਕੀਨੀ ਬਣਾਏ ਜਾਣ ਜਿਵੇਂ ਕਿ ਕੰਮ ਦਾ ਨਾਮ, ਤਖ਼ਮੀਨੇ ਦੀ ਰਾਸ਼ੀ, ਠੇਕੇਦਾਰ ਦਾ ਨਾਂ, ਕੰਮ ਖ਼ਤਮ ਕਰਨ ਦੀ ਮਿਆਦ, ਸਬੰਧਤ ਅਧਿਕਾਰੀਆਂ ਦਾ ਨਾਮ ਆਦਿ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
22.6.2020

ਮਤਾ ਨੰਬਰ:- 86

ਵਿਸ਼ਾ:- Purchase of Fund and Liability ledger or Register of 100Page for General store of O and M branch. (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ: ਰੁਪਏ 39,913/- ਟੈਂਡਰ ਅਮਾਉਂਟ ਰੁਪਏ 39,913/-
ਕੁੱਲ ਪ੍ਰਾਪਤ ਵੈਲਿਡ ਟੈਂਡਰ = 1 (ਤੀਸਰੀ ਬਾਰੀ) ਟੈਂਡਰ ਅਮਾਉਂਟ ਰੁਪਏ 39,873/-
ਸੇਵਿੰਗ 0.10% ਸੋਧਿਆ ਤਖਮੀਨਾ ਰੁਪਏ 28,999/-
ਕੁੱਲ ਅਨੁਮਾਨਤ ਰੁਪਏ 28,999/- (15 ਲੈਜਰ ਰਜਿਸਟਰ ਘੱਟ ਪ੍ਰਾਪਤ ਕਰਨ ਉਪਰੰਤ)

ਅਜੰਸੀ ਦਾ ਨਾਮ:- ਮੈਸਰਜ ਧਰੂਵ ਐਂਟਰਪ੍ਰਾਇਸਿਜ਼ ਸੰਗਰੂਰ

ਨਗਰ ਨਿਗਮ ਜਲੰਧਰ ਦੀ ਲੇਖਾ ਸ਼ਾਖਾ ਵੱਲੋ ਲਾਇਬਿਲਟੀ ਰਜਿਸਟਰ ਅਤੇ ਪ੍ਰੋਵੀਡੰਟ ਫੰਡ ਲੈਜਰ ਦੀ ਮੰਗ ਕੀਤੀ ਗਈ ਹੈ।ਇਹ ਸਮਾਨ ਸਟੋਰ ਦੇ ਸਟਾਕ ਰਜਿਸਟਰ ਮੁਤਾਬਿਕ ਚੈਕ ਕਰਨ ਉਪਰੰਤ ਉਪਲਬੱਧ ਨਾ ਹੋਣ ਕਾਰਨ ਇਸ ਸਮਾਨ ਦੀ ਖਰੀਦ ਕਰਨ ਵਾਸਤੇ ਮਾਰਕਿਟ ਵਿੱਚੋ ਵੱਖ-ਵੱਖ ਅਜੰਸੀਆ ਕੋਲੋ ਕੁਟੇਸ਼ਨਾ ਲੈਣ ਉਪਰੰਤ ਇਸ ਕੰਮ ਦਾ ਤਖਮੀਨਾ ਰੁਪਏ 39,913/- ਦਾ ਤਿਆਰ ਕੀਤਾ ਗਿਆ ਹੈ। ਜਿਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਵੱਲੋ ਹੁਕਮ ਮਿਤੀ 29-01-2020 ਰਾਹੀ ਦਿੱਤੀ ਗਈ।ਇਸ ਕੰਮ ਦੇ ਟੈਂਡਰ ਅਖਬਾਰਾ ਅਤੇ ਈ-ਟੈਡਰਿੰਗ ਪ੍ਰਨਾਲੀ ਰਾਹੀ ਟੂ ਸਟੇਜ਼ ਸਿਸਟਮ ਅਧੀਨ ਪਹਿਲੀ ਬਾਰੀ ਠੇਕੇਦਾਰ ਤੋ ਮਿਤੀ 06-03-2020 ਅਤੇ ਦੂਸਰੀ ਬਾਰੀ ਠੇਕੇਦਾਰ ਤੋ ਮਿਤੀ 25-03-2020 ਰਾਹੀ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀ ਟੂ ਸਟੇਜ਼ ਸਿਸਟਮ ਅਧੀਨ ਠੇਕੇਦਾਰਾਂ ਕੋਲੋ ਮਿਤੀ 14-04-2020 ਲਈ ਮੰਗੇ ਗਏ ਸਨ, ਪ੍ਰੰਤੂ ਸਰਕਾਰ ਵੱਲੋ ਮਿਤੀ 22-03-2020 ਰਾਹੀ Lockdown/ Curfew as precautionary measures against COVID-19 ਰਾਹੀਂ ਲਗਾ ਦਿੱਤਾ ਗਿਆ ਸੀ, ਜਿਸ ਕਾਰਨ ਇਹਨਾਂ ਟੈਂਡਰਾਂ ਦੀ ਮਿਆਰ ਮਿਤੀ 04-05-2020 ਤੱਕ ਵਧਾ ਦਿੱਤੀ ਗਈ ਸੀ। ਮਿੱਥੇ ਸਮੇ ਤੇ ਟੈਂਡਰਾਂ ਨੂੰ ਖੋਲਿਆ ਗਿਆ, ਕੁੱਲ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ।ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ 0.10% ਦੀ ਸੇਵਿੰਗ ਨਾਲ ਇਹ ਸਮਾਨ ਤਖਮੀਨਾ ਰੁਪਏ 39,913 ਦੇ ਵਿਰੁੱਧ ਰੁਪਏ 39,873/- ਵਿੱਚ ਕਰੇਗੀ।

ਇਥੇ ਦੱਸਣਯੋਗ ਹੈ ਕਿ ਕੰਮ ਦੀ ਮਹੱਤਤਾਂ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਹਾਲ ਦੀ ਘੜੀ 15 ਪ੍ਰੋਵੀਡੰਟ ਫੰਡ ਲੈਜਰਾਂ ਤਿਆਰ ਕਰਵਾ ਲਈਆ ਗਈਆ ਹਨ। ਇਸ ਲਈ ਉਕਤ ਠੇਕੇਦਾਰ ਨੂੰ ਤਖਮੀਨੇ ਵਿੱਚ ਦਰਸਾਏ ਗਏ ਸਮਾਨ ਵਿਚੋਂ 35 ਪ੍ਰੋਵੀਡੰਟ ਫੰਡ ਲੈਜਰਾ ਅਤੇ 05 ਲਾਇਬਿਲਟੀ ਰਜਿਸਟਰ ਹੀ ਤਿਆਰ ਕਰਵਾਏ ਜਾਣਗੇ। ਠੇਕੇਦਾਰ ਵਲੋ ਤਖਮੀਨੇ ਅਧੀਨ ਕੋਟ ਕੀਤੇ ਗਏ ਰੇਟ 39,913/- ਜਿਸ ਦੇ ਵਿਰੁਧ ਠੇਕੇਦਾਰ ਵਲੋ ਪ੍ਰੋਵੀਡੰਟ ਫੰਡ ਲੈਜਰਾ 35 Nos x 615/- +18% GST = 25,399.50/- ਅਤੇ ਲਾਇਬਿਲਟੀ ਰਜਿਸਟਰ 05Nos x 615/-+18%GST = 3628/- ਲੈਸ ਰੁਪਏ 0.10% ਉਪਰੰਤ ਕੁੱਲ ਜ਼ੋੜ ਰੁਪਏ 28,999/- ਰਾਹੀ ਸਮਾਨ ਦੀ ਸਪਲਾਈ ਕਰਨੀ ਬਣਦੀ ਹੈ। ਸੁਪਰਡੰਟ ਸਟੋਰ ਨੇ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਜਿਸ ਨਾਲ ਸੰਯੁਕਤ ਕਮਿਸ਼ਨਰ (ਈ) ਅਤੇ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.6.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਸੁਪਰਡੰਟ ਸਟੋਰ ਵਲੋਂ ਕੀਤੀ ਮੰਗ ਅਨੁਸਾਰ ਫੈਸਲਾ ਹੋਇਆ ਕਿ 20 ਪ੍ਰੋਵੀਡੰਟ ਫੰਡ ਲੈਜਰਾਂ ਅਤੇ 05 ਲਾਇਬਿਲਟੀ ਰਜਿਸਟਰ ਤਿਆਰ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
22.6.2020

ਮਤਾ ਨੰਬਰ:- 87

ਵਿਸ਼ਾ:- ਲੱਧੇਵਾਲੀ (ਰਿਪਲੇਸਮੇਂਟ) ਵਿਖੇ ਲਗਾਏ ਜਾਣ ਵਾਲੇ ਰਿਗ ਬੋਰ ਟਿਊਬਵੈਲ ਦੇ ਟੈਂਡਰ ਦੀ ਪ੍ਰਵਾਨਗੀ ਅਤੇ ਸਾਈਟ ਚੇਂਜ ਕਰਕੇ ਖਹਿਰਾ ਇਨਕਲੇਵ ਨੀਅਰ ਗੇਟ ਨੰਬਰ 5 ਵਿਖੇ ਲਗਾਉਣ ਸਬੰਧੀ। ਵਾਰਡ ਨੰਬਰ 8

| | |
|---|---|
| ਤਖਮੀਨਾ ਰੁਪਏ 17,16,755/- | ਟੈਂਡਰ ਮੰਗੇ ਰੁਪਏ 17,16,755/- |
| ਕੁੱਲ ਪ੍ਰਾਪਤ ਟੈਂਡਰ 3 (ਪਹਿਲੀ ਬਾਰੀ) | ਟੈਂਡਰ ਅਮਾਊਂਟ ਰੁਪਏ 16,39,501/- |
| ਸੇਵਿੰਗ 4.50% | ਅਜੰਸੀ ਦਾ ਨਾਮ ਮੈਸ:ਐਸ.ਕੇ.ਈ ਇੰਜੀਨੀਅਰਜ। |

ਲੱਧੇਵਾਲੀ ਵਿਖੇ ਰਿਪਲੇਸਮੇਂਟ ਦਾ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 17,16,755/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 158(1) ਮਿਤੀ 18.10.2018 ਰਾਹੀਂ ਦਿੱਤੀ ਸੀ। ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਇਟੀਆਂ/ਠੇਕੇਦਾਰਾਂ ਕੋਲੋਂ ਮਿਤੀ 03/09-09-2019 ਲਈ ਮੰਗੇ ਗਏ ਸਨ ਤੇ ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਨ੍ਹਾਂ ਦੀਆਂ ਤਕਨੀਕੀ ਬਿਡਾਂ ਮਿਆਰ ਤੇ ਪੂਰੀਆ ਸਨ। ਇਸ ਉਪਰੰਤ ਇਨ੍ਹਾਂ ਅਜੰਸੀਆਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਬਣਾਉਣ ਉਪਰੰਤ ਮੈਸ: ਐਸ.ਕੇ.ਈ ਇੰਜੀਨੀਅਰਜ ਦੇ ਟੈਂਡਰ ਰੇਟ ਘੱਟ ਪਾਏ ਗਏ। ਇਹ ਅਜੰਸੀ 4.50% ਦੀ ਸੇਵਿੰਗ ਨਾਲ ਇਹ ਕੰਮ ਰੁਪਏ 16,39,501/- ਵਿੱਚ ਕਰੇਗੀ। ਇਸ ਟੈਂਡਰ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਲੋੜੀਂਦੀ ਹੈ।

ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਲੱਧੇਵਾਲੀ ਵਿਖੇ ਪਹਿਲਾਂ ਹੀ ਇੱਕ ਨਵਾਂ ਟਿਊਬਵੈਲ ਲਗਾਇਆ ਜਾ ਚੁੱਕਾ ਹੈ, ਇਸ ਲਈ ਇਸ ਟਿਊਬਵੈਲ ਦੀ ਇਸ ਜਗ੍ਹਾ ਤੇ ਲੋੜ ਨਹੀਂ ਹੈ। ਵਾਰਡ ਨੰਬਰ 8 ਦੇ ਕੌਂਸਲਰ ਸ਼੍ਰੀ ਸ਼ਮਸ਼ੇਰ ਸਿੰਘ ਖਹਿਰਾ ਜੀ ਵਲੋਂ ਆਪਣੇ ਪੱਤਰ ਨੰਬਰ 276 ਮਿਤੀ 28.05.2020 ਰਾਹੀਂ ਮੰਗ ਕੀਤੀ ਹੈ ਕਿ ਮੇਰੇ ਵਾਰਡ ਨੰਬਰ 8 ਵਿੱਚ ਹੀ ਪੈਂਦੇ ਮੁਹੱਲਾ ਦਾਤਾਰ ਨਗਰ/ ਨਾਨਕ ਨਗਰ ਵਿੱਚ ਟਿਊਬਵੈਲ ਗਰੈਵਲ ਮਾਰ ਰਿਹਾ ਹੈ ਅਤੇ ਫੇਲ ਹੋਣ ਦੇ ਕਿਨਾਰੇ ਤੇ ਹੈ, ਜਿਸ ਕਰਕੇ ਨਾਲ ਲਗਦੇ ਏਰੀਆ ਖਹਿਰਾ ਇਨਕਲੇਵ, ਨਾਨਕ ਨਗਰ ਅਤੇ ਦਾਤਾਰ ਨਗਰ ਆਦਿ ਇਲਾਕਿਆਂ ਵਿੱਚ ਪਾਣੀ ਦੀ ਬਹੁਤ ਹੀ ਭਾਰੀ ਕਿਲਤ ਮਹਿਸੂਸ ਹੋ ਰਹੀ ਹੈ, ਜਿਸ ਨੂੰ ਦੂਰ ਕਰਨ ਲਈ ਵਿਸ਼ੇ ਅਧੀਨ ਟਿਊਬਵੈਲ ਨੂੰ ਖਹਿਰਾ ਇਨਕਲੇਵ ਗੇਟ ਨੰਬਰ 5 ਕੋਲ ਲਗਾ ਦਿੱਤਾ ਜਾਵੇ ਤਾਂ ਤਾਂ ਜ਼ੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਈਆ ਕਰਵਾਇਆ ਜਾ ਸਕੇ।

ਸਹਾਇਕ ਇੰਜੀਨੀਅਰ ਅਤੇ ਭਾਗ ਅਫਸਰ ਵਲੋਂ ਮਿਤੀ 28.05.2020 ਨੂੰ ਮੋਕਾ ਵੇਖਣ ਉਪਰੰਤ ਰਿਪੋਰਟ ਕੀਤੀ ਹੈ ਕਿ ਮੁੱਹਲਾ ਦਾਤਾਰ ਨਗਰ/ ਨਾਨਕ ਨਗਰ ਵਿੱਚ ਟਿਊਬਵੈਲ ਫੇਲ ਹੋ ਗਿਆ ਹੈ, ਜਿਸ ਕਰਕੇ ਨਾਲ ਲਗਦੇ ਏਰੀਆ ਖਹਿਰਾ ਇਨਕਲੇਵ, ਨਾਨਕ ਨਗਰ ਅਤੇ ਦਾਤਾਰ ਨਗਰ ਆਦਿ ਇਲਾਕਿਆਂ ਵਿੱਚ ਪਾਣੀ ਦੀ ਬਹੁਤ ਹੀ ਭਾਰੀ ਕਿਲਤ ਮਹਿਸੂਸ ਹੋ ਰਹੀ ਹੈ, ਇਸ ਲਈ ਇਥੇ ਟਿਊਬਵੈਲ ਲਗਾਉਣਾ ਅਤਿ ਜਰੂਰੀ ਹੈ। ਇਸ ਲਈ ਇਲਾਕਾ ਕੌਂਸਲਰ ਜੀ ਦੀ ਮੰਗ ਅਨੁਸਾਰ ਲੱਧੇਵਾਲੀ ਵਿਖੇ ਲਗਾਏ ਜਾਣ ਵਾਲੇ ਟਿਊਬਵੈਲ ਦੇ ਘਟੋ-ਘੱਟ ਰੇਟ ਵਾਲਾ ਮੈਸ: ਐਸ.ਕੇ.ਈ ਇੰਜੀਨੀਅਰਜ ਦਾ ਈ-ਟੈਂਡਰ ਪ੍ਰਵਾਨ ਕਰਨ ਅਤੇ ਨਵੀਂ ਪ੍ਰਪੋਸਡ ਸਾਇਟ ਖਹਿਰਾ ਇਨਕਲੇਵ ਵਿਖੇ ਟਿਊਬਵੈਲ ਲਗਾਉਣ ਦੀ ਪ੍ਰਵਾਨਗੀ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।ਕਾਰਜਕਾਰੀ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ 28.5.2020 ਰਾਹੀਂ ਅਤੇ ਨਿਗਰਾਨ ਇੰਜੀਨੀਅਰ (ਓ. ਐਂਡ.ਐਮ) ਨੇ ਉਕਤ ਅਨੁਸਾਰ ਟੈਂਡਰ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ ਜਿਸ ਨਾਲ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਇਹ ਮਾਮਲਾ ਸਬੰਧਤ ਏਰੀਆ ਕੋਂਸਲਰ ਅਤੇ ਚੇਅਰਮੈਨ ਵਾਟਰ ਸਪਲਾਈ ਅਤੇ ਸੀਵਰੇਜ਼ ਡਿਸਪੋਜ਼ਲ ਕਮੇਟੀ ਨਾਲ ਵਿਚਾਰਣ ਲਈ ਹੁਕਮ ਕੀਤੇ । ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 10.6.2020 ਰਾਹੀਂ ਲਿਖਿਆ ਹੈ ਕਿ ਉਕਤ ਸਾਰਾ ਕੇਸ ਚੇਅਰਮੈਨ ਵਾਟਰ ਸਪਲਾਈ ਅਤੇ ਸੀਵਰੇਜ਼ ਡਿਸਪੋਜ਼ਲ ਕਮੇਟੀ ਨਾਲ ਅਤੇ ਵਾਰਡ ਕੋਂਸਲਰ ਸ੍ਰੀ ਸ਼ਮਸ਼ੇਰ ਸਿੰਘ ਖਹਿਰਾ ਨਾਲ ਮੇਅਰ ਸਾਹਿਬ ਨਾਲ ਡਿਸਕਸ ਕੀਤਾ ਗਿਆ । ਇਹ ਟਿਊਬਵੈਲ ਫੇਲ ਹੋਏ ਟਿਊਬਵੈਲ ਦੀ ਜਗ੍ਹਾ ਤੇ ਲਗਾਉਣਾ ਜ਼ਰੂਰੀ ਹੈ ਜਿਸ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜਿਸ ਨਾਲ ਚੇਅਰਮੈਨ ਵਾਟਰ ਸਪਲਾਈ ਅਤੇ ਸੀਵਰੇਜ਼ ਡਿਸਪੋਜ਼ਲ ਕਮੇਟੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.6.2020 ਰਾਹੀਂ ਟੈਂਡਰ ਅਤੇ ਸਾਈਟ ਬਦਲੀ ਹਿਤ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ :

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਅੱਗੋ ਤੋਂ ਜਿਸ ਥਾਂ ਤੇ ਟਿਊਬਵੈਲ ਲੱਗਣਾ ਹੋਵੇ, ਉਸ ਬਾਰੇ ਮਤੇ ਵਿੱਚ ਸਪਸ਼ਟ ਤੌਰ ਤੇ ਦਰਸਾਇਆ ਜਾਵੇ ਕਿ ਟਿਊਬਵੈਲ ਲਗਾਉਣ ਵਾਲੀ ਥਾਂ ਨਗਰ ਨਿਗਮ ਦੀ ਮਲਕੀਅਤੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

22.6.2020

ਮਤਾ ਨੰਬਰ:- 88

ਵਿਸ਼ਾ:- ਵਾਰਡ ਨੰ: 3 ਬੇਅੰਤ ਸਿੰਘ ਪਾਰਕ ਵਾਲਾ ਰਿਗ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਵਾਰਡ ਨੰ: 64, ਪੁਲਿਸ ਡਵੀਜਨ ਨੰ: 1, ਇੰਡਸਟ੍ਰਿਅਲ ਏਰੀਆ ਵਿਖੇ ਲਗਾਉਣ ਦੀ ਪ੍ਰਵਾਨਗੀ ਬਾਰੇ।(ਰਿਪਲੇਸਮੈਂਟ) ਨਵਾਂ ਵਾਰਡ ਨੰ: 64

ਤਖਮੀਨਾ ਰੁਪਏ: 16,16,750/- ਟੈਂਡਰ ਮੰਗੇ ਰੁਪਏ: 16,16,750/-
ਟੈਂਡਰ ਅਮਾਉਂਟ ਰੁਪਏ: 15,43,996/- ਸੇਵਿੰਗ 4.50%
ਅਜੰਸੀ ਦਾ ਨਾਮ:- ਮੈ: ਅਜੇ ਇੰਜੀਨੀਅਰਜ਼ ਕੰਪਨੀ
ਈ.ਪੀ.ਐਫ ਨੰ: LD JAL 12908 70000 ESI No. 29000 61577 0000 999

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 16,16,750/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 94(2) ਮਿਤੀ 25-06-18 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਵਿਭਾਗ ਵੱਲੋਂ ਇਸ ਮਤੇ ਦੀ ਪ੍ਰਵਾਨਗੀ ਅਪਣੇ ਪੱਤਰ ਨੰ: 38187 ਮਿਤੀ 10.07.18 ਰਾਹੀਂ ਦੇ ਦਿੱਤੀ ਹੈ।

ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਐਨ.ਆਈ.ਟੀ ਨੰ: 8 ਮਿਤੀ 07.08.19 ਰਾਹੀਂ ਇਸ ਕੰਮ ਦੇ ਠੇਕੇਦਾਰਾਂ ਕੋਲੋ ਟੈਂਡਰ ਮਿਤੀ 09.09.19 ਰਾਹੀਂ ਮੰਗੇ ਗਏ, ਸਿਰਫ 3 ਟੈਂਡਰ ਪ੍ਰਾਪਤ ਹੋਏ, ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 155 ਮਿਤੀ 26.09.19 ਰਾਹੀਂ ਦਿੱਤੀ ਸੀ।

ਇਥੇ ਆਪ ਜੀ ਨੂੰ ਇਹ ਦਸਣਯੋਗ ਹੈ ਕਿ **ਪੁਲਿਸ ਡਵੀਜਨ ਨੰ: 1, ਇੰਡਸਟ੍ਰਿਅਲ ਏਰੀਆ ਵਿੱਚ ਲਗਾ ਪੁਰਾਣਾ ਟਿਊਬਵੈਲ ਰੇਤਾ ਮਾਰਨ ਕਾਰਨ** ਇਸ ਇਲਾਕਾ ਨਿਵਾਸੀਆਂ ਨੂੰ ਸਾਫ ਪੀਣ ਵਾਲੇ ਪਾਣੀ ਵਿੱਚ ਕਿਲਤ ਆ ਰਹੀ ਹੈ। ਪਬਲਿਕ ਹਿੱਤ ਅਤੇ ਗਰਮੀਆਂ ਦੇ ਮੋਸਮ ਨੂੰ ਮੁੱਖ ਰੱਖਦੇ ਹੋਏ ਵਾਰਡ ਨੰ: 64 ਦੇ ਕੋਂਸਲਰ ਸ੍ਰੀ ਸੁਸ਼ੀਲ ਕਾਲੀਆ (ਵਿੱਕੀ) ਨੇ ਪੱਤਰ ਮਿਤੀ 16.06.2020 ਰਾਹੀਂ ਮਾਨਯੋਗ ਮੇਅਰ ਜੀ ਨੂੰ ਲਿਖਿਆ ਹੈ ਕਿ **ਹਾਲ ਦੀ ਘੜੀ ਬੇਅੰਤ ਸਿੰਘ ਪਾਰਕ ਵਾਰਡ ਨੰ: 3 ਵਾਲਾ ਅਲਾਟ ਟਿਊਬਵੈਲ ਪੁਲਿਸ ਡਵੀਜਨ ਨੰ: 1, ਇੰਡਸਟ੍ਰੀਅਲ ਏਰੀਆ ਵਿਖੇ ਲਗਵਾ ਦਿੱਤਾ ਜਾਵੇ** ਤਾਂ ਜ਼ੋ ਇਲਾਕਾ ਨਿਵਾਸੀਆਂ ਨੂੰ ਸਾਫ ਪੀਣ ਯੋਗ ਪਾਣੀ ਮੁਹਇਆ ਕਰਵਾਇਆ ਜਾ ਸਕੇ।

ਕਾਰਜਕਾਰੀ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 18.6.2020 ਰਾਹੀਂ ਉਪਰੋਕਤ ਨੂੰ ਮੁੱਖ ਰੱਖਦੇ ਹੋਏ **ਬੇਅੰਤ ਸਿੰਘ ਪਾਰਕ ਵਾਲਾ ਅਲਾਟ ਟਿਊਬਵੈਲ ਪੁਲਿਸ ਡਵੀਜਨ ਨੰ: 1, ਇੰਡਸਟ੍ਰੀਅਲ ਏਰੀਆ ਵਿਖੇ ਲਗਾਉਣ ਲਈ ਸਾਈਟ ਚੇਂਜ ਕਰਨ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 18.6.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।**

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.6.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

22.6.2020

ਮਤਾ ਨੰਬਰ:- 89

**ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ਹਿਰ ਦੇ ਵਿਕਾਸ ਦੇ ਕੰਮ ਦਾ ਤਖਮੀਨਾ ਬੀ. ਐਂਡ ਆਰ. ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਹੈ, ਜਿਸ ਦਾ ਟੈਂਡਰ ਪ੍ਰਾਪਤ ਹੋ ਚੁਕਾ ਹੈ, ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰੁਪਏ ਲੱਖਾਂ ਵਿੱਚ**

| Sr. No. | W. No. | Name of Work | Est. Amt. | BOQ/ Sanctioned Amt. | Saving %age | Tender Amt. | Name of Agency | Tender called (No. of Times) | No. of Tenders Received | House Reso. & date |
|---|---|---|---|---|---|---|---|---|---|---|
| 1 | G | Renovation of PSPCL Trench on Salempur Musalmana road with P/L GSB, WBM, DBM & BC | 83.21 | 82.95 | 1.90% | 81.38 | Bhushan Chhura & Co. | 3rd time | 1 | 80(6) dt. 29.11.19 |

ਉਪਰੋਕਤ ਕੰਮ ਦਾ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਮਿਤੀ 27.2.202 ਰਾਹੀਂ ਟੈਂਡਰ ਸਬੰਧੀ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸਾਂ ਰਾਹੀਂ ਉਕਤ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

22.6.2020

ਮਤਾ ਨੰਬਰ:- 90

ਵਿਸ਼ਾ:- ਪੀ/ਐਫ ਇੰਟਰਲੋਕਿੰਗ ਟਾਇਲਜ ਇੰਨ ਰਾਜਾ ਸਾਹਿਬ ਟੂ ਏਕਤਾ ਨਗਰ ਦੇ ਕੰਮ ਵਿੱਚ 25% ਦਾ ਵਾਧਾ ਕਰਨ ਸਬੰਧੀ।

ਪੜਿਆ ਨੋਟ ਕਾਰਪੋਰੇਸ਼ਨ ਇੰਜੀਨਿਅਰ (ਬੀ.ਐਂਡ.ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ.ਐਂਡ.ਆਰ) ਨੇ ਸਿਫਾਰਸ਼ ਕੀਤੀ ਹੈ ਕਿ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਰਾਜਾ ਸਾਹਿਬ ਤੋ ਲੈ ਕੇ ਏਕਤਾ ਨਗਰ ਵਾਰਡ ਨੰ: 13 ਵਿੱਚ ਇੰਟਰਲਾਕਿੰਗ ਟਾਈਇਜ਼ ਦਾ ਕੰਮ ਚੱਲ ਰਿਹਾ ਹੈ। ਕੰਮ ਮੌਕੇ ਉੱਪਰ ਲਗਭਗ ਪੂਰਾ ਹੋਣ ਵਾਲਾ ਹੈ। ਪਰ ਇਲਾਕਾ ਕੌਂਸਲਰ ਸ੍ਰੀਮਤੀ ਬਿਮਲਾ ਰਾਣੀ ਜੀ ਨੇ ਆਪਣੇ ਪੱਤਰ ਨੰ: 405 ਵਿੱਚ ਮਾਨਯੋਗ ਮੇਅਰ ਸਾਹਿਬ ਜੀ ਨੂੰ ਬੇਨਤੀ ਕੀਤੀ ਹੈ ਕਿ ਚੱਲ ਰਿਹਾ ਕੰਮ ਵਿੱਚ 25% ਵਾਧਾ ਕੀਤਾ ਜਾਵੇ। ਇਸਦਾ ਰਿਵਾਇਜਡ ਤਖਮੀਨਾ ਤਿਆਰ ਕਰ ਦਿੱਤਾ ਗਿਆ ਹੈ। ਕੌਂਸਲਰ ਸਾਹਿਬ ਜੀ ਵੇਲੇ ਜਿਹੜੀਆਂ ਗਲੀਆਂ ਤਿਆਰ ਕਰਨੀਆਂ ਹੈ ਉਸਦਾ ਮੈਪ ਮਿਸਲ ਵਿੱਚ ਨੱਥੀ ਕਰ ਦਿੱਤਾ ਗਿਆ। ਇਸ ਤਖਮੀਨੇ ਵਿੱਚ 25% ਦਾ ਵਾਧਾ ਕਰਨ ਲਈ ਮਾਮਲਾ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਭੇਜਿਆ ਜਾਵੇ ਅਤੇ ਠੇਕੇਦਾਰ ਨੂੰ ਇਹ ਕੰਮ ਕਰਨ ਲਈ 2 ਮਹੀਨੇ ਦਾ ਸਮਾਂ ਦਿੱਤਾ ਜਾਵੇ।ਕਮਿਸ਼ਨਰ ਜੀ ਨੇ ਮਿਤੀ 12.6.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.6.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਤਜ਼ਵੀਜ਼ ਬਾਬਤ ਪੂਰੀ ਡਿਟੇਲਡ ਰਿਪੋਰਟ ਜਿਵੇਂ ਕਿ ਇਸ ਕੰਮ ਦਾ ਤਖ਼ਮੀਨਾ ਕਿੰਨੇ ਦਾ ਸੀ, ਟੈਂਡਰ ਅਮਾਊਂਟ ਕਿੰਨੀ ਸੀ, ਸੇਵਿੰਗ ਕਿੰਨੀ ਸੀ, ਠੇਕੇਦਾਰ/ ਅਜੰਸੀ ਦਾ ਨਾਮ, ਕੰਮ ਦੀ ਮਿਆਦ ਦਾ ਸਮਾਂ ਆਦਿ ਦੇ ਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ ।ਇਹ ਵੀ ਦੱਸਿਆ ਜਾਵੇ ਕਿ ਕੀ 25% ਦਾ ਵਾਧਾ ਤਰਕਸ਼ੀਲ ਹੈ ਜਾਂ ਇਹ ਸੋਧਿਆ ਤਖ਼ਮੀਨਾ 25% ਦੀ ਸੀਲਿੰਗ ਅਨੁਸਾਰ ਹੀ ਤਿਆਰ ਕੀਤਾ ਗਿਆ ਹੈ । ਜੇਕਰ ਇਸ ਤੋਂ ਘੱਟ ਰਾਸ਼ੀ ਦਾ ਤਖ਼ਮੀਨਾ ਸੋਧਣ ਦੀ ਜ਼ਰੂਰਤ ਹੋਵੇ ਤਾਂ ਉਸ ਅਨੁਸਾਰ ਰਿਪੋਰਟ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

22.6.2020

ਮਤਾ ਨੰਬਰ:- 91

ਵਿਸ਼ਾ:- ਪੀ/ਐਫ ਇੰਟਰਲੋਕਿੰਗ ਟਾਇਲਜ 60ਐਮ ਐਮ ਇਨ ਬੇਅੰਤ ਨਗਰ ਪਾਰਟ-2, ਵਾਰਡ ਨੰ:9 ਦੇ ਤਖਮੀਨੇ ਵਿੱਚ 25% ਦਾ ਵਾਧਾ ਕਰਨ ਸਬੰਧੀ।

ਪੜਿਆ ਨੋਟ ਕਾਰਪੋਰੇਸ਼ਨ ਇੰਜੀਨਿਅਰ (ਬੀ.ਐਂਡ.ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ.ਐਂਡ.ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਬੇਅੰਤ ਨਗਰ ਵਾਰਡ ਨੰ:13 ਵਿੱਚ ਇੰਟਰਲੋਕਿੰਗ ਟਾਇਲਜ ਦਾ ਕੰਮ ਚੱਲ ਰਿਹਾ ਹੈ।ਕੰਮ ਮੋਕੇ ਉੱਪਰ ਲਗਭਗ ਪੂਰਾ ਕਰ ਦਿੱਤਾ ਗਿਆ ਹੈ ਪਰ ਇਲਾਕਾ ਕੌਂਸਲਰ ਸ਼੍ਰੀਮਤੀ ਬਿਮਲਾ ਰਾਣੀ ਜੀ ਨੇ ਆਪਣੇ ਪੱਤਰ ਨੰ:404 ਵਿੱਚ ਮਾਨਯੋਗ ਮੇਅਰ ਸਾਹਿਬ ਜੀ ਨੂੰ ਬੇਨਤੀ ਕੀਤੀ ਹੈ ਕਿ ਬੇਅੰਤ ਨਗਰ ਵਿੱਚ ਕੰਮ ਚੱਲ ਰਿਹਾ ਹੈ ਅਤੇ ਇਸ ਵਿੱਚ 25% ਦਾ ਵਾਧਾ ਕੀਤਾ ਜਾਵੇ। ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਇਸ ਵਿੱਚ 25% ਵਾਧਾ ਕਰਨ ਲਈ ਕਿਹਾ ਗਿਆ।ਇਸ ਕਰਕੇ ਇਸ ਦਾ ਰਿਵਾਇਜਡ ਤਖਮੀਨਾ ਤਿਆਰ ਕਰ ਦਿੱਤਾ ਗਿਆ ਹੈ ਜੀ, ਕੌਂਸਲਰ ਸਾਹਿਬ ਜੀ ਵੱਲੋਂ ਜਿਹੜੀ ਗਲੀਆਂ ਤਿਆਰ ਕਰਨੀਆਂ ਹੈ ਉਸ ਦਾ ਮੈਪ ਮਿਸਲ ਵਿੱਚ ਨੱਥੀ ਕਰ ਦਿੱਤਾ ਗਿਆ ਹੈ ਜੀ, ਇਸ ਤਖਮੀਨੇ ਵਿੱਚ 25% ਦਾ ਵਾਧਾ ਕਰਨ ਲਈ ਕੇਸ ਐਫ ਐਂਡ ਸੀ.ਸੀ ਵਿੱਚ ਭੇਜਣ ਦੀ ਸ਼ਿਫਾਰਿਸ਼ ਕੀਤੀ ਜਾਂਦੀ ਹੈ ਅਤੇ ਇਸ ਕੰਮ ਨੂੰ ਪੂਰਾ ਕਰਨ ਲਈ ਠੇਕੇਦਾਰ ਨੂੰ 2 ਮਹੀਨੇ ਦਾ ਸਮਾਂ ਦਿੱਤਾ ਜਾਵੇ । ਕਮਿਸ਼ਨਰ ਜੀ ਨੇ ਮਿਤੀ 12.6.2020 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.6.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿਤ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਤਜ਼ਵੀਜ਼ ਬਾਬਤ ਪੂਰੀ ਡਿਟੇਲਡ ਰਿਪੋਰਟ ਜਿਵੇਂ ਕਿ ਇਸ ਕੰਮ ਦਾ ਤਖ਼ਮੀਨਾ ਕਿੰਨੇ ਦਾ ਸੀ, ਟੈਂਡਰ ਅਮਾਉਂਟ ਕਿੰਨੀ ਸੀ, ਸੇਵਿੰਗ ਕਿੰਨੀ ਸੀ, ਠੇਕੇਦਾਰ/ ਅਜੰਸੀ ਦਾ ਨਾਮ, ਕੰਮ ਦੀ ਮਿਆਦ ਦਾ ਸਮਾਂ ਆਦਿ ਦੇ ਕੇ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ ।ਇਹ ਵੀ ਦੱਸਿਆ ਜਾਵੇ ਕਿ ਕੀ 25% ਦਾ ਵਾਧਾ ਤਰਕਸ਼ੀਲ ਹੈ ਜਾਂ ਇਹ ਸੋਧਿਆ ਤਖ਼ਮੀਨਾ 25% ਦੀ ਸੀਲਿੰਗ ਅਨੁਸਾਰ ਹੀ ਤਿਆਰ ਕੀਤਾ ਗਿਆ ਹੈ । ਜੇਕਰ ਇਸ ਤੋਂ ਘੱਟ ਰਾਸ਼ੀ ਦਾ ਤਖ਼ਮੀਨਾ ਸੋਧਣ ਦੀ ਜ਼ਰੂਰਤ ਹੋਵੇ ਤਾਂ ਉਸ ਅਨੁਸਾਰ ਰਿਪੋਰਟ ਕੀਤੀ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

22.6.2020

ਮਤਾ ਨੰਬਰ:- 92

Subject :- 1. Const of Road with RMC in Mohalla Chanan Nagar near Bootan Mandi W.no 35
Work order no. CE/W/32 dated 20.01.2019

2. Re-Conditioning of streets in Mohalla Bhargo Camp W.no 34
Work order no CE/W/30 dated : 22.01.2019

**(ਸੋਸਾਇਟੀ ਨੂੰ ਬਲੈਕ ਲਿਸਟ ਕਰਨ ਬਾਰੇ)**

ਹਵਾਲਾ :- ਨਗਰ ਨਿਗਮ ਦੇ ਪੱਤਰ ਨੰ : CE/West/2166 dated : 08.05.2019,CE/J/8193 dated : 28.06.2019 , CE/J/19 dated : 25.09.2019, CE/J/2191 dated : 28.06.2019, CE/J/13 dated: 25.09.2019, 159/SE (B&R) S dated 28.11.2019 ਅਤੇ 462/SE (B&R)S dated 02.06.2020

ਪੜਿਆ ਨੋਟ ਕਾਰਪੋਰੇਸ਼ਨ ਇੰਜੀਨਿਅਰ (ਬੀ.ਐਂਡ.ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ.ਐਂਡ.ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਠੇਕੇਦਾਰ ਏਜੰਸੀ ਦੀ ਰਵੀ ਕੋਅਪਪ੍ਰੇਟਿਵ ਐਲ.ਸੀ. ਸੁਸਾਇਟੀ ਨੂੰ ਵਰਕ ਆਰਡਰ ਨੰ: CE/W/32 dated 20.01.2019 ਅਤੇ CE/W/30 dated 22.01.2019 ਰਾਹੀ ਅਲਾਟ ਕੀਤੇ ਗਏ ਸਨ।ਇਹਨਾਂ ਕੰਮਾਂ ਨੂੰ ਮੁਕੰਮਲ ਕਰਨ ਲਈ ਦਿੱਤੀ ਗਈ ਮਿਆਂਦ ਕਾਫੀ ਪਹਿਲਾਂ ਹੀ ਖਤਮ ਹੋ ਚੁੱਕੀ ਹੈ।ਜਿਸ ਕਾਰਨ ਸੁਸਾਇਟੀ ਨੂੰ ਹਵਾਲੇ ਅਧੀਨ ਦਰਸਾਏ ਨੋਟਿਸ ਜਾਰੀ ਕਰਕੇ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਹਦਾਇਤ ਕੀਤੀ ਗਈ।ਪ੍ਰੰਤੂ ਸੁਸਾਇਟੀ ਨੂੰ ਜੁਬਾਨੀ ਤੌਰ ਤੇ ਵੀ ਬਾਰ-ਬਾਰ ਕਹਿਣ ਤੋਂ ਬਾਅਦ ਵੀ ਕੰਮ ਮੁਕੰਮਲ ਨਹੀ ਕੀਤਾ ਜਾ ਰਿਹਾ ਹੈ।ਇਸ ਲਈ ਉਕਤ ਸੁਸਾਇਟੀ ਵਿਰੁੱਧ ਬਣਦੀ ਅਨੁਸ਼ਾਸ਼ਨੀ ਕਰਵਾਈ ਕਰਨ ਲਈ ਮਿਸਲ ਵਿੱਤ ਅਤੇ ਠੇਕਾ ਕਮੇਟੀ ਵਿੱਚ ਭੇਜਣ ਯੋਗ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.6.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿਤ ਪੇਸ਼ ਹੈ ।

ਫੈਸਲਾ :

ਵਿਚਾਰਣ ਉਪਰੰਤ ਇਹ ਫੈਸਲਾ ਹੋਇਆ ਕਿ ਦਫ਼ਤਰੀ ਤਜ਼ਵੀਜ਼ ਨਾਲ ਕਮੇਟੀ ਸਹਿਮਤ ਹੈ ਅਤੇ ਮੈਸਰਜ਼ ਰਵੀ ਕੋਅਪਪ੍ਰੇਟਿਵ ਐਲ.ਸੀ. ਸੁਸਾਇਟੀ ਨੂੰ ਡੀਬਾਰ ਕੀਤਾ ਜਾਂਦਾ ਹੈ । ਇਹ ਵੀ ਫੈਸਲਾ ਹੋਇਆ ਕਿ ਐਲ-2 ਅਜੰਸੀ ਪਾਸੋਂ ਐਲ-1 ਅਜੰਸੀ ਦੀ ਰਿਸਕ ਐਂਡ ਕਾਸਟ ਤੇ ਉਸ ਦੇ ਰੇਟਾਂ ਤੇ ਇਹ ਕੰਮ ਕਰਵਾਉਣ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਜਿਸ ਬਾਰੇ ਐਲ-1 ਅਜੰਸੀ ਨੂੰ ਸੂਚਿਤ ਕੀਤਾ ਜਾਵੇ ਅਤੇ ਐਲ-1 ਅਜੰਸੀ ਨਾਲ ਕੀਤਾ ਹੋਇਆ ਇਕਰਾਰਨਾਮਾ ਰੱਦ ਕੀਤਾ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

22.6.2020

ਮਤਾ ਨੰਬਰ:- 93

ਵਿਸ਼ਾ : ਕੰਸਟਰਕਸ਼ਨ ਆਫ ਇੰਟਰਲੌਕਿੰਗ ਟਾਈਲਜ ਐਟ ਨਿਊ ਰੇਲਵੇ ਰੋਡ ਦਾ ਕੰਮ ਸ਼ੁਰੂ ਕਰਵਾਉਣ ਬਾਰੇ।(ਕੰਮ ਦੀ ਮਿਆਦ ਵਧਾਉਣ ਬਾਰੇ)

ਪੜਿਆ ਨੋਟ ਕਾਰਪੋਰੇਸ਼ਨ ਇੰਜੀਨਿਅਰ (ਬੀ.ਐਂਡ.ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ.ਐਂਡ.ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ, ਵੱਲੋਂ ਆਪਣੇ ਮਤਾ ਨੰ : 85 ਮਿਤੀ : 29.11.2019 ਰਾਹੀ ਕੰਸਟਰਕਸ਼ਨ ਆਫ ਇੰਟਰ ਲੌਕਿੰਗ ਟਾਈਲਜ਼ ਐਟ ਨਿਊ ਰੇਲਵੇ ਰੋਡ ਦਾ ਕੰਮ 44.74 ਲੱਖ ਦਾ ਪਾਸ ਕੀਤਾ ਸੀ ਅਤੇ ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਵੱਲੋਂ ਮਤਾ ਨੰ : 125 ਮਿਤੀ : 19.08.2019 ਨੂੰ ਪ੍ਰਵਾਨ ਕੀਤਾ ਗਿਆ ਸੀ ਅਤੇ ਇਸ ਕੰਮ ਦਾ ਵਰਕ ਆਰਡਰ ਨੰ : ਸੀ.ਈ/ਐਨ/60 ਮਿਤੀ : 26.08.2019 ਨੂੰ ਸ਼੍ਰੀ ਵਿਕਾਸ ਗੰਭੀਰ ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ।ਮਾਨਯੋਗ ਐਮ.ਐਲ.ਏ ਨਾਰਥ ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਵੱਲੋਂ ਲਿਖਿਆ ਗਿਆ ਸੀ ਕਿ ਇਹ ਕੰਮ ਸੰਜੇ ਗਾਂਧੀ ਨਗਰ ਵਾਰਡ ਨੰ : 3 ਵਿੱਚ ਨਵੀ ਸਾਈਟ ਤੇ ਕਰਵਾਇਆ ਜਾਵੇ।ਮਾਨਯੋਗ ਮੇਅਰ ਵੱਲੋਂ ਮਿਤੀ : 22.02.2020 ਨੂੰ ਇਹ ਫਾਈਲ ਡੀ.ਸੀ.ਐਫ.ਏ ਨੂੰ ਭੇਜੀ ਗਈ, ਜਿਸ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਸੰਜੇ ਗਾਂਧੀ ਨਗਰ ਦੀ ਨਵੀ ਫਾਈਲ ਤਿਆਰ ਕੀਤੀ ਜਾਵੇ ਅਤੇ ਮਾਨਯੋਗ ਹਾਊਸ ਵਿੱਚੋ ਨਵਾ ਮਤਾ ਪ੍ਰਵਾਨ ਕਰਵਾਇਆ ਜਾਵੇ।

ਹੁਣ ਇਸ ਕੇਸ ਦੇ ਸਬੰਧ ਵਿੱਚ ਮਾਨਯੋਗ ਐਮ.ਐਲ.ਏ. ਨਾਰਥ ਸ਼੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਨਾਲ ਵਿਚਾਰ ਵਟਾਂਦਰਾਂ ਕੀਤਾ ਗਿਆ ਅਤੇ ਉਹਨਾਂ ਵੱਲੋਂ ਕਿਹਾ ਗਿਆ ਕਿ ਰੇਲਵੇ ਰੋਡ ਦਾ ਕੰਮ ਰੇਲਵੇ ਰੋਡ ਤੇ ਹੀ ਕੀਤਾ ਜਾਵੇ। ਇਹ ਕੰਮ ਹੁਣ ਸ਼ੁਰੂ ਕੀਤਾ ਜਾਣਾ ਹੈ। ਇਸ ਲਈ ਪਹਿਲਾ ਤੋਂ ਜਾਰੀ ਕੀਤੇ ਗਏ ਵਰਕ ਆਰਡਰ ਵਿੱਚ ਨਵੇ ਸਿਰੇ ਤੋਂ 5 ਮਹੀਨੇ ਦਾ ਸਮਾਂ ਵਾਧਾ ਕਰਨ ਲਈ ਤਜਵੀਜ ਪ੍ਰਵਾਨਗੀ ਹਿੱਤ ਪੇਸ਼ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 18.6.2020 ਰਾਹੀਂ ਤਜ਼ਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

22.6.2020